ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




03 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਭਾਰਤ ਵਿਚ ਖੌਫਜ਼ਦਾ ਹੈ ਔਰਤਾਂ ਦੀ ਸਥਿਤੀ



ਸੰਯੁਕਤ ਰਾਸ਼ਟਰ ਦੇ ਇਕ ਅਧਿਐਨ ਮੁਤਾਬਕ ਦਾਜ ਦੇ ਮਾਮਲਿਆਂ 'ਤੇ ਠੱਲ੍ਹ ਪਾਉਣ ਲਈ ਕਾਨੂੰਨ ਹੋਣ ਦੇ ਬਾਵਜੂਦ ਭਾਰਤ ਵਿਚ ਦਾਜ ਖਾਤਰ ਔਰਤਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਔਰਤਾਂ ਦੇ ਕਤਲਾਂ ਵਿਚ ਸਭ ਤੋਂ ਜ਼ਿਆਦਾ ਮਾਮਲੇ ਦਾਜ ਖਾਤਰ ਕੀਤੇ ਗਏ ਕਤਲ ਦੇ ਹੁੰਦੇ ਹਨ। ਅਧਿਐਨ ਮੁਤਾਬਕ ਪੂਰੀ ਦੁਨੀਆ ਵਿਚ ਔਰਤਾਂ ਲਈ ਸਭ ਤੋਂ ਖਤਰਨਾਕ ਥਾਂ ਉਨ੍ਹਾਂ ਦਾ ਘਰ ਬਣ ਗਿਆ ਹੈ। ਨਸ਼ੀਲੇ ਪਦਾਰਥ ਅਤੇ ਅਪਰਾਧ ਤੇ ਸੰਯੁਕਤ ਰਾਸ਼ਟਰ ਦਫਤਰ (ਯੂ.ਐਨ.ਓ.ਡੀ.ਸੀ.) ਵਲੋਂ ਪ੍ਰਕਾਸ਼ਿਤ ਨਵੀਂ ਖੋਜ ਮੁਤਾਬਕ ਪਿਛਲੇ ਸਾਲ ਪੂਰੀ ਦੁਨੀਆ ਭਰ ਵਿਚ ਤਕਰੀਬਨ 87000 ਔਰਤਾਂ ਨੂੰ ਕਤਲ ਕੀਤਾ ਗਿਆ ਅਤੇ ਇਨ੍ਹਾਂ ਵਿਚ ਤਕਰੀਬਨ 50,000 ਜਾਂ 58 ਫੀਸਦੀ ਦੀ ਮੌਤ ਉਨ੍ਹਾਂ ਦੇ ਨੇੜਲੇ ਸਾਥੀ ਜਾਂ ਪਰਿਵਾਰਕ ਮੈਂਬਰਾਂ ਹਥੋਂ ਹੋਈ। ਇਸ ਮੁਤਾਬਕ ਹਰ ਘੰਟੇ ਤਕਰੀਬਨ 6 ਔਰਤਾਂ ਜਾਣਕਾਰਾਂ ਹਥੋਂ ਮਾਰੀਆਂ ਜਾਂਦੀਆਂ ਹਨ। 1995 ਤੋਂ 2013 ਦੇ ਅੰਕੜੇ ਮੁਤਾਬਕ ਭਾਰਤ ਵਿਚ ਸਾਲ 2016 ਵਿਚ ਔਰਤਾਂ ਦੇ ਕਤਲ ਦੀ ਦਰ 2.8 ਫੀਸਦੀ ਸੀ ਜੋ ਕੀਨੀਆ (2.6 ਫੀਸਦੀ), ਤੰਜਾਨੀਆ (2.5 ਫੀਸਦੀ), ਅਜਰਬੈਜਾਨ (1.8 ਫੀਸਦੀ), ਜਾਰਡਨ (0.8 ਫੀਸਦੀ) ਅਤੇ ਤਜ਼ਾਕਿਸਤਾਨ (0.4 ਫੀਸਦੀ) ਤੋਂ ਜ਼ਿਆਦਾ ਹੈ।

ਇਸ ਤੋਂ ਇਲਾਵਾ ਭਾਰਤ ਵਿਚ 15 ਤੋਂ 49 ਸਾਲ ਉਮਰ ਦੀਆਂ 33.5 ਫੀਸਦੀ ਔਰਤਾਂ ਅਤੇ ਕੁੜੀਆਂ ਨੇ ਅਤੇ ਪਿਛਲੇ ਇਕ ਸਾਲ ਵਿਚ 18.9 ਫੀਸਦੀ ਔਰਤਾਂ ਨੇ ਆਪਣੇ ਜੀਵਨ ਵਿਚ ਘੱਟੋ-ਘੱਟ ਇਕ ਵਾਰ ਸਰੀਰਕ ਹਿੰਸਾ ਦਾ ਸਾਹਮਣਾ ਕੀਤਾ। ਭਾਰਤ ਵਿਚ ਦਾਜ ਨਾਲ ਸਬੰਧਿਤ ਮੌਤ ਦੇ ਮਾਮਲੇ ਹਮੇਸ਼ਾ ਤੋਂ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਅਧਿਐਨ ਵਿਚ ਕਿਹਾ ਗਿਆ ਹੈ ਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਤੋਂ ਪ੍ਰਾਪਤ ਅੰਕੜੇ ਤੋਂ ਇਹ ਪਤਾ ਚੱਲਦਾ ਹੈ ਕਿ ਦਾਜ ਨਾਲ ਸਬੰਧਿਤ ਕਤਲ ਦੇ ਮਾਮਲੇ ਔਰਤਾਂ ਦੇ ਕਤਲ ਦੇ ਸਾਰੇ ਮਾਮਲਿਆਂ ਦੇ 40 ਤੋਂ 50 ਫੀਸਦੀ ਹੈ ਅਤੇ ਇਸ ਵਿਚ 1999 ਤੋਂ 2016 ਦੌਰਾਨ ਇਕ ਸਥਿਰ ਰੁਝਾਨ ਦੇਖਿਆ ਗਿਆ ਹੈ। ਇਸ ਦੇ ਮੁਤਾਬਕ ਭਾਰਤ ਸਰਕਾਰ ਵਲੋਂ 1961 ਵਿਚ ਕਾਨੂੰਨ ਲਾਗੂ ਕਰਨ ਦੇ ਬਾਵਜੂਦ ਦਾਜ ਦਾ ਰੁਝਾਨ ਰੁਕਿਆ ਨਹੀਂ ਹੈ। ਇਹ ਚਲਨ ਪੂਰੇ ਦੇਸ਼ ਵਿਚ ਜਾਰੀ ਹੈ ਅਤੇ ਔਰਤ ਕਤਲ ਦੇ ਮਾਮਲਿਆਂ ਵਿਚ ਦਾਜ ਕਤਲ ਦੇ ਮਾਮਲਿਆਂ 'ਚ ਵੱਡੀ ਹਿੱਸੇਦਾਰੀ ਹੈ। ਅਫਰੀਕਾ, ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਅਤੇ ਇਸ ਨਾਲ ਲੱਗਦੇ ਇਲਾਕਿਆਂ ਵਿਚ ਰਹਿਣ ਵਾਲੀਆਂ ਔਰਤਾਂ ਜਾਦੂ-ਟੋਨਾ ਦੇ ਦੋਸ਼ ਤੋਂ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਇਹ ਲਿੰਗਕ ਸਬੰਧੀ ਕਤਲਾਂ ਦਾ ਵੀ ਕਾਰਨ ਹੋ ਸਕਦੇ ਹਨ। ਪਾਪੂਆ ਨਿਊ ਗਿਨੀ ਅਤੇ ਭਾਰਤ ਵਿਚ ਜਾਦੂ-ਟੋਨਾ ਦੋਸ਼ਾਂ ਤੋਂ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਇਹ ਲਿੰਗਕ ਸਬੰਧੀ ਕਤਲਾਂ ਦਾ ਵੀ ਕਾਰਨ ਹੋ ਸਕਦੇ ਹਨ। ਪਾਪੂਆ ਨਿਊ ਗਿਨੀ ਅਤੇ ਭਾਰਤ ਵਿਚ ਜਾਦੂ-ਟੋਨਾ ਦੋਸ਼ਾਂ ਨੂੰ ਲੈ ਕੇ ਔਰਤਾਂ ਦੇ ਕਤਲ ਦੇ ਮਾਮਲੇ ਦਿਖਾਉਂਦੇ ਹਨ ਕਿ ਛੋਟੇ ਅਨੁਪਾਤ ਵਿਚ ਹੀ ਸਹੀ ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਅਜੇ ਵੀ ਮੌਜੂਦ ਹੈ। ਇਹ ਅਧਿਐਨ ਔਰਤਾਂ ਖਿਲਾਫ ਹਿੰਸਾ ਖਤਮ ਕਰਨ ਲਈ ਕੌਮਾਂਤਰੀ ਦਿਵਸ 'ਤੇ ਜਾਰੀ ਕੀਤਾ ਗਿਆ। ਯੂ.ਐਨ.ਓ.ਡੀ.ਸੀ. ਦੇ ਕਾਰਜਕਾਰੀ ਡਾਇਰੈਕਟਰ ਯੂਰੀ ਫੇਦੋਤੋਵ ਨੇ ਕਿਹਾ ਕਿ ਲਿੰਗਕ ਅਸਮਾਨਤਾਵਾਂ ਭੇਦਭਾਵ ਅਤੇ ਨਾਂ ਪੱਖੀ ਕਸਟਮਜ਼ ਕਾਰਨ ਔਰਤਾਂ ਸਭ ਤੋਂ ਵੱਡੀ ਕੀਮਤ ਚੁਕਾਉਂਦੀਆਂ ਹਨ। ਇਹੀ ਨਹੀਂ ਉਨ੍ਹਾਂ ਦੇ ਆਪਣੇ ਬੇਹੱਦ ਕਰੀਬੀ ਸਾਥੀ ਅਤੇ ਪਰਿਵਾਰ ਹਥੋਂ ਮਾਰੇ ਜਾਣ ਦੀ ਵੀ ਅਸ਼ੰਕਾ ਰਹਿੰਦੀ ਹੈ।

# ਸਿਰਫ 4 ਦਿਨ ਕਰੋ ਦਫਤਰ 'ਚ ਕੰਮ ਅਤੇ ਪਾਓ 5 ਦਿਨ ਦੀ ਸੈਲਰੀ !



ਬਰਲਿਨ- ਦੁਨੀਆਭਰ 'ਚ ਆਫਿਸ ਦੇ ਮਾਹੌਲ ਨੂੰ ਹੈਲਦੀ ਬਣਾਉਣ ਲਈ ਅਤੇ ਮੁਲਾਜ਼ਮਾਂ ਦੀ ਪ੍ਰੋਡੈਕਟੀਵਿਟੀ ਨੂੰ ਵਧਾਉਣ ਲਈ ਆਫਿਸ ਮੈਨੇਜਮੈਂਟ ਤਰ੍ਹਾਂ-ਤਰ੍ਹਾਂ ਦੇ ਪ੍ਰਯੋਗ ਕਰਦਾ ਹੈ। ਹੁਣ ਅਜਿਹਾ ਹੀ ਇਕ ਨਵਾਂ ਪ੍ਰਯੋਗ ਦੁਨੀਆ ਭਰ ਦੀਆਂ ਕਈ ਵੱਡੀਆਂ ਕੰਪਨੀਆਂ ਅਪਣਾਉਣ ਦੇ ਮੂਡ 'ਚ ਹਨ। ਇਹ ਪ੍ਰਯੋਗ ਹੈ ਦਫਤਰ 'ਚ ਸਿਰਫ 4 ਦਿਨ ਦੀ ਵਰਕਿੰਗ ਲਾਗੂ ਕਰਨ ਦਾ। ਦੁਨੀਆ ਭਰ ਦੀਆਂ ਵੱਡੀਆਂ ਕੰਪਨੀਆਂ ਹੁਣ ਪ੍ਰੋਡੈਕਟੀਵਿਟੀ ਵਧਾਉਣ ਲਈ ਅਤੇ ਆਫਿਸ 'ਚ ਤਨਾਅ ਰਹਿਤ ਮਾਹੌਲ ਬਣਾਉਣ ਲਈ 4 ਡੇ ਵੀਕ ਵਰਕਿੰਗ ਫੋਕਸ ਕਰਦੀਆਂ ਨਜ਼ਰ ਆ ਰਹੀਆਂ ਹਨ। ਮਤਲਬ ਹਫਤੇ 'ਚ ਸਿਰਫ 4 ਦਿਨ ਕੰਮ ਕਰਨ 'ਤੇ ਤੁਹਾਨੂੰ 5 ਦਿਨ ਦੀ ਪੂਰੀ ਸੈਲਰੀ ਮਿਲੇਗੀ। ਇਹ ਸੁਣਨ 'ਚ ਤਾਂ ਮਜ਼ਾਕ ਜਾਂ ਸੁਪਨੇ ਵਰਗਾ ਹੈ ਪਰ ਕਈ ਕੰਪਨੀਆਂ ਇਸ ਪ੍ਰਣਾਲੀ ਨੂੰ ਅਪਣਾਉਣ 'ਤੇ ਵਿਚਾਰ ਕਰ ਰਹੀਆਂ ਹਨ। ਉਥੇ ਹੀ ਪੂਰੀ ਦੁਨੀਆ 'ਚ ਕੁਝ ਕੰਪਨੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਨੇ ਇਸ ਤਰਜ਼ 'ਤੇ ਕੰਮ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ। ਹਫਤੇ 'ਚ ਸਿਰਫ 4 ਦਿਨ ਵਰਕਿੰਗ ਕਰਨ ਤੋਂ ਬਾਅਦ ਉਨ੍ਹਾਂ ਦੇਖਿਆ ਕਿ ਇਸ ਕਟੌਤੀ ਤੋਂ ਬਾਅਦ ਮੁਲਾਜ਼ਮਾਂ ਦੀ ਕੰਮ ਪ੍ਰਤੀ ਪ੍ਰੋਡੈਕਟੀਵਿਟੀ ਵੱਧਦੀ ਹੈ। ਇਸ ਤਰ੍ਹਾਂ ਮਿਲੀ ਐਕਸਟਰਾ ਛੁੱਟੀ ਕਾਰਨ ਮੁਲਾਜ਼ਮ ਜ਼ਿਆਦਾ ਮਾਟੀਵੇਟਿਡ ਮਹਿਸੂਸ ਕਰਦੇ ਹਨ ਅਤੇ ਇਸੇ ਕਾਰਨ ਇਹ ਕੰਮ ਨੂੰ 4 ਦਿਨ 'ਚ ਵੀ ਵੱਧ ਹਾਂਪੱਖੀ ਰੂਪ ਨਾਲ ਕਰਦੇ ਹਨ।

ਇਸ ਮਾਮਲੇ 'ਚ ਹੋਈ ਰਿਸਰਚ 'ਚ ਵੀ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ 4 ਡੇ ਵਰਕਿੰਗ ਤੋਂ ਬਾਅਦ ਮੁਲਾਜ਼ਮ ਆਪਣਾ ਕੰਮ ਤਨਾਅਮੁਕਤ ਹੋ ਕੇ ਬਿਹਤਰ ਤਰੀਕੇ ਨਾਲ ਪੂਰਾ ਕਰ ਸਕਣ 'ਚ ਸਮਰੱਥ ਹੁੰਦੇ ਹਨ। ਜਰਮਨੀ ਦੀ ਇਕ ਪ੍ਰੋਜੈਕਟ ਮੈਨੇਜਮੈਂਟ ਸਾਫਟਵੇਅਰ ਕੰਪਨੀ ਪਲੈਨਿਓ ਦੇ ਫਾਊਂਡਰ ਜੈਨ ਸ਼ੁਲਜ ਹੋਫੇਨ ਨੇ ਆਪਣੀ ਕੰਪਨੀ 'ਚ ਪ੍ਰਯੋਗ ਦੇ ਤੌਰ 'ਤੇ 10 ਮੁਲਾਜ਼ਮਾਂ ਨੂੰ ਹਫਤੇ 'ਚ ਸਿਰਫ 4 ਦਿਨ ਕੰਮ ਕਰਨ ਦੀ ਸਹੂਲਤ ਦਿੱਤੀ। ਉਥੇ ਹੀ ਇਸੇ ਤਰਜ਼ 'ਤੇ ਨਿਊਜ਼ੀਲੈਂਡ ਦੀ ਟਰੱਸਟ ਕੰਪਨੀ ਪਰਪੇਚੁਅਲ ਗਾਰਜੀਅਨ ਨੇ ਵੀ ਇਹ ਸ਼ੁਰੂਆਤ ਕੀਤੀ। ਇਸ ਪ੍ਰਯੋਗ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਦੇ 4 ਦਿਨ ਕੰਮ ਕਰਨ ਦੀ ਨਵੀਂ ਵਿਵਸਥਾ ਸ਼ੁਰੂ ਹੋਈ ਤਾਂ ਉਨ੍ਹਾਂ ਦੇ ਦਫਤਰ ਦੇ ਮੁਲਾਜ਼ਮਾਂ ਦੇ ਤਨਾਅ 'ਚ ਕਮੀ ਆਈ ਅਤੇ ਸਟਾਫ ਨੇ ਕਾਫੀ ਤਰੱਕੀ ਕੀਤੀ। ਹੁਣ ਛੇਤੀ ਹੀ ਦੁਨੀਆ ਭਰ ਦੀਆਂ ਕਈ ਵੱਡੀਆਂ ਕੰਪਨੀਆਂ ਆਪਣੇ ਦਫਤਰ 'ਚ 4 ਡੇ ਵਰਕਿੰਗ ਦੀ ਸਹੂਲਤ ਸ਼ੁਰੂ ਕਰਨ ਦੇ ਪੱਖ 'ਚ ਹਨ, ਜਿਸ ਨਾਲ ਕਿ ਦਫਤਰ 'ਚ ਮੁਲਾਜ਼ਮਾਂ ਲਈ ਇਕ ਤਨਾਅਮੁਕਤ ਮਾਹੌਲ ਬਣਾਇਆ ਜਾ ਸਕੇ ਅਤੇ ਨਾਲ ਹੀ ਕੰਮ ਕਰਨ ਦੀ ਪ੍ਰੋਡੈਕਟੀਵਿਟੀ 'ਚ ਵੀ ਵਾਧਾ ਹੋ ਸਕੇ।

# ਗੇਮ ਖੇਡਣ ਵਾਲੇ ਦੁਨੀਆ ਦੇ 10 % ਲੋਕ ਭਾਰਤ ਵਿੱਚ , 2020 ਤੱਕ 7700 ਕਰੋੜ ਦੀ ਹੋ ਜਾਵੇਗੀ ਇੰਡਸਟਰੀ



ਸਸਤੇ ਮੋਬਾਇਲ ਫੋਨ ਨੇ ਦੇਸ਼ ਵਿੱਚ ਇੰਟਰਨੈੱਟ ਉੱਤੇ ਖੇਡੀ ਜਾ ਰਹੀਆਂ ਗੇਮਾਂ ਵਿੱਚ ਕਾਫੀ ਵਾਧਾ ਕੀਤਾ ਹੈ । ਨੈਸਕਾਮ ਦੇ ਮੁਤਾਬਕ , ਇੰਟਰਨੈੱਟ ਉੱਤੇ ਗੇਮ ਖੇਡਣ ਵਾਲੇ ਦੁਨੀਆ ਦੇ 10 % ਲੋਕ ਭਾਰਤ ਵਿੱਚ ਹਨ । ਵੱਡੀ ਗੱਲ ਇਹ ਕਿ 2010 ਤੱਕ ਜਿੱਥੇ ਮੋਬਾਇਲ ਗੇਮ ਬਣਾਉਣ ਵਾਲੀ 25 ਕੰਪਨੀਆਂ ਸਨ , ਉਥੇ ਹੀ ਅੱਜ ਇਹਨਾਂ ਕੰਪਨੀਆਂ ਦੀ ਗਿਣਤੀ ਵਧਕੇ 250 ਹੋ ਚੁੱਕੀ ਹੈ ।

2020 ਤੱਕ 62 ਕਰੋੜ ਲੋਕ ਗੇਮ ਖੇਡਣ ਲੱਗ ਜਾਣਗੇ

1. 2020 ਤੱਕ ਗੇਮਿੰਗ ਇੰਡਸਟਰੀ ਦਾ ਕੰਮ-ਕਾਜ 1.1 ਅਰਬ ਡਾਲਰ ( 7700 ਕਰੋੜ ਰੁਪਏ ) ਪਹੁੰਚ ਜਾਵੇਗਾ । ਉੱਥੇ ਹੀ ਇੰਟਰਨੈੱਟ ਉੱਤੇ ਗੇਮ ਖੇਡਣ ਵਾਲੇ ਵੀ 62 ਕਰੋੜ 80 ਲੱਖ ਹੋ ਜਾਣਗੇ । 2015 ਵਿੱਚ ਇਹ ਗਿਣਤੀ 20 ਕਰੋੜ ਸੀ ।

2. 60 % ਲੋਕਾਂ ਨੇ ਕਿਹਾ - ਪਿਛਲੇ ਮਹੀਨੇ ਆਨਲਾਇਨ ਗੇਮ ਖੇਡੇ

ਬੋਸਟਨ ਦੀ ਇੱਕ ਸਰਵੇ ਕੰਪਨੀ ਜਣਿਆ ਨੇ 2300 ਭਾਰਤੀਆਂ ਨੂੰ ਐਮਸੈਂਟ ਬਰਾਉਜਰ ਐਪ ਨਾਲ ਜੋੜਿਆ । ਸਰਵੇ ਵਿੱਚ 10 ਤੋਂ 6 ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਮਹੀਨੇ ਆਨਲਾਇਨ ਗੇਮ ਵਿੱਚ ਹਿੱਸਾ ਲਿਆ ਜਾਂ ਵੇਖਿਆ । ਹਾਲ ਹੀ ਵਿੱਚ ਭਾਰਤ ਦਾ ਪਹਿਲਾ ਟੈਲੀਵਾਇਜਡ ਈ - ਸਪੋਰਟਸ ਟੂਰਨਾਮੇਂਟ ( ਏਮਟੀਵੀ ਉੱਤੇ ) ਯੂ ਸਾਇਫਰ ਬਰਾਡਕਾਸਟ ਕੀਤਾ ਗਿਆ ।

3. ਰਿਸਰਚ ਐਂਡ ਮਾਰਕੇਟ ਦੀ ਰਿਪੋਰਟ ਮੁਤਾਬਕ - ਭਾਰਤ ਵਿੱਚ ਆਨਲਾਈਨ ਸਪੋਰਟ ਦੇਖਣ ਦਾ ਸਭ ਤੋਂ ਪਸੰਦੀਦਾ ਪਲੇਟ ਫਾਰਮ ਯੂ-ਟਿਊਬ ਹੈ । ਭਾਰਤ ਦੇ ਨੌਜਵਾਨ ਇੰਟਰਨੈੱਟ ਯੂਜਰਸ ਜਮਕੇ ਆਨਲਾਇਨ ਗੇਮ ਖੇਲ ਰਹੇ ਹਨ । ਸਰਵੇ ਵਿੱਚ ਸ਼ਾਮਿਲ 72 % ਲੋਕਾਂ ਨੇ ਮੰਨਿਆ ਕਿ ਉਹ ਆਨਲਾਇਨ ਗੇਮਿੰਗ ਜਾਂ ਸਪੋਰਟਸ ਵਿੱਚ ਪੈਸਾ ਜਿੱਤਣ ਲਈ ਹਿੱਸਾ ਲੈਂਦੇ ਹਨ ।

# ਕੈਨੇਡਾ ਤੋਂ ਬਾਅਦ ਹੁਣ ਥਾਈਲੈਂਡ ਚ ਵੀ ਵਿਕੇਗੀ ਭੰਗ, ਕਿਸਾਨ ਬਾਗੋਬਾਗ

ਬੈਂਕਾਕ— ਕੈਨੇਡਾ 'ਚ ਬੀਤੀ 17 ਅਕਤੂਬਰ ਨੂੰ ਭੰਗ ਦੇ ਕਾਨੂੰਨੀਕਰਨ ਤੋਂ ਬਾਅਦ ਥਾਈਲੈਂਡ 'ਚ ਵੀ ਭੰਗ ਨੂੰ ਕਾਨੂੰਨੀ ਮਾਨਤਾ ਦੇਣ ਲਈ ਕਾਨੂੰਨ ਪਾਸ ਕੀਤਾ ਗਿਆ ਹੈ। ਥਾਈਲੈਂਡ ਦੇ ਕਿਸਾਨਾਂ ਨੇ ਮੈਡੀਕਲ ਟੀਚਿਆਂ ਲਈ ਭੰਗ ਦੇ ਉਤਪਾਦਨ ਤੇ ਵਰਤੋਂ ਨੂੰ ਆਗਿਆ ਦੇਣ ਵਾਲੇ ਨਵੇਂ ਕਾਨੂੰਨ ਦਾ ਬੁੱਧਵਾਰ ਨੂੰ ਸਵਾਗਤ ਕੀਤਾ ਹੈ। ਕਿਸੇ ਏਸ਼ੀਆਈ ਦੇਸ਼ 'ਚ ਕਿਸਾਨਾਂ ਨੂੰ ਇਸ ਦਾ ਆਰਥਿਕ ਲਾਭ ਦਿਵਾਉਣ ਵਾਲੀ ਇਸ ਤਰ੍ਹਾਂ ਦੀ ਇਹ ਪਹਿਲੀ ਕੋਸ਼ਿਸ਼ ਹੈ।ਥਾਈਲੈਂਡ ਦੀ ਨੈਸ਼ਨਲ ਅਸੈਂਬਲੀ ਨੇ ਮੰਗਲਵਾਰ ਨੂੰ ਇਕ ਕਾਨੂੰਨ ਪਾਸ ਕੀਤਾ, ਜਿਸ 'ਚ ਭੰਗ ਤੇ ਰਸਮੀ ਚਿਕਿਤਸਿਕ ਪੌਦੇ ਕ੍ਰੇਟਮ 'ਤੇ ਖੋਜ ਤੇ ਮੈਡੀਕਲ ਵਰਤੋਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਇਹ ਕਦਮ ਇਸ ਇਲਾਕੇ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਜਿਥੇ ਨਸ਼ੀਲੇ ਪਦਾਰਥਾਂ ਨਾਲ ਸਬੰਧਿਤ ਨਿਯਮਾਂ ਦੇ ਉਲੰਘਣ 'ਤੇ ਸਖਤ ਸਜ਼ਾ ਦਾ ਕਾਨੂੰਨ ਹੈ।

# ਬ੍ਰਿਟਿਸ਼ ਸਿੱਖ ਕੁੜੀਆਂ ਨਾਲ ਪਾਕਿਸਤਾਨੀ ਗੈਂਗ ਸੈਕਸ ਸ਼ੋਸ਼ਣ ਦਾ ਮਾਮਲਾ ਗਰਮਾਇਆ



ਪਾਕਿਸਤਾਨੀ ਮੂਲ ਦੇ ਲੋਕਾਂ ਦੇ ਗਿਰੋਹ ਵੱਲੋਂ ਬ੍ਰਿਟਿਸ਼ ਸਿੱਖ ਲੜਕੀਆਂ ਦੇ ਸੈਕਸ ਸ਼ੋਸ਼ਣ ਦਾ ਮਾਮਲਾ ਐੱਸ. ਜੀ. ਪੀ. ਸੀ. ਦੀ ਇਸੇ ਮਹੀਨੇ ਹੋਣ ਵਾਲੀ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ 'ਚ ਇਸ ਮੁੱਦੇ 'ਤੇ ਚਰਚਾ ਹੋਵੇਗੀ। ਲੋਕਾਂ ਨੇ ਦੋਸ਼ ਲਾਇਆ ਕਿ ਇਨ੍ਹਾਂ ਘਟਨਾਵਾਂ 'ਤੇ ਅਧਿਕਾਰੀਆਂ ਵੱਲੋਂ ਸਿਆਸੀ ਕਾਰਨਾਂ ਕਰਕੇ ਪੂਰਾ ਧਿਆਨ ਨਹੀਂ ਦਿੱਤਾ ਗਿਆ ਹੈ। ਬੀਤੇ ਕੱਲ ਜਾਰੀ ਇਕ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ। 'ਸਮੁੱਚੇ ਬ੍ਰਿਟੇਨ 'ਚ ਸਿੱਖ ਲੜਕੀਆਂ ਦਾ ਧਾਰਮਿਕ ਆਧਾਰ 'ਤੇ ਸੈਕਸ ਸ਼ੋਸ਼ਣ' ਸਿਰਲੇਖ ਵਾਲੀ ਰਿਪੋਰਟ ਸਿੱਖ ਵਿਚੋਲਗੀ ਅਤੇ ਮੁੜ ਵਸੇਬੇ ਸਮੂਹ (ਸਮਾਰਟ) ਅਤੇ ਸਿੱਖ ਯੂਥ ਯੂ. ਕੇ. ਨੇ ਤਿਆਰ ਕੀਤੀ ਹੈ। ਇਸ ਰਿਪੋਰਟ ਨੂੰ ਇਥੋਂ ਦੇ ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ। ਇਸ 'ਚ ਪਿਛਲੇ ਕਈ ਦਹਾਕਿਆਂ ਤੋਂ ਹੋ ਰਹੇ ਸ਼ੋਸ਼ਣ ਦੀ ਜਾਂਚ ਦੀ ਮੰਗ ਕੀਤੀ ਗਈ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ 19ਵੀਂ ਸਦੀ ਦੇ ਅੱਠਵੇਂ ਦਹਾਕੇ ਦੀ ਸ਼ੁਰੂਆਤ 'ਚ ਬ੍ਰਿਟਿਸ਼ ਸਿੱਖ ਸੰਗਠਨਾਂ ਵੱਲੋਂ ਇਕੱਠੇ ਕੀਤੇ ਸਬੂਤਾਂ 'ਚ ਦੇਖਿਆ ਗਿਆ ਕਿ ਮੁੱਖ ਰੂਪ ਨਾਲ ਪਾਕਿਸਤਾਨੀ ਜਾਂ ਮੁਸਲਿਮ ਅਪਰਾਧੀਆਂ ਵੱਲੋ ਗਿਰੋਹ ਤਿਆਰ ਕਰਕੇ ਯੁਵਾ ਬ੍ਰਿਟਿਸ਼ ਸਿੱਖ ਔਰਤਾਂ ਨੂੰ ਸੈਕਸ ਸ਼ੋਸ਼ਣ ਲਈ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਇਨ੍ਹਾਂ 'ਚੋਂ ਜ਼ਿਆਦਾਤਰ ਅਪਰਾਧਾਂ ਨੂੰ ਦਰਜ ਨਹੀਂ ਕੀਤਾ ਗਿਆ। ਇਸ ਤੋਂ ਸਵਾਲ ਉੱਠਦਾ ਹੈ ਕਿ ਕੀ ਸਿੱਖ ਨੌਜਵਾਨ ਔਰਤਾਂ ਪੀੜਤ ਹਨ ਜਾਂ ਉਨ੍ਹਾਂ ਨੂੰ ਧਾਰਮਿਕ ਆਧਾਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

**ਦਹਾਕਿਆਂ ਤੋਂ ਹੋ ਰਿਹੈ ਸੈਕਸ ਸ਼ੋਸ਼ਣ**

ਸਿੱਖ ਭਾਈਚਾਰੇ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਸਮੱਸਿਆ 1960 ਦੇ ਦਹਾਕੇ 'ਚ ਸ਼ੁਰੂ ਹੋਈ ਸੀ ਪਰ 2012 'ਚ ਇਸ ਗਿਰੋਹ ਦਾ ਖੁਲਾਸਾ ਹੋਇਆ। ਇਸ ਰਿਪੋਰਟ ਦਾ ਕਹਿਣਾ ਹੈ ਕਿ ਇਸ 'ਚ ਕਿਸੇ ਵੀ ਵਿਅਕਤੀ, ਭਾਈਚਾਰੇ, ਸੰਸਕ੍ਰਿਤੀ ਜਾਂ ਵਿਸ਼ਵਾਸ ਨੂੰ ਠੇਸ ਨਹੀਂ ਪਹੁੰਚੀ ਹੈ ਪਰ ਜੋ ਤੱਥ ਹਨ, ਉਹ ਸਾਹਮਣੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਸੱਚ ਨੂੰ ਸਮਝੇ ਬਿਨਾਂ ਇਸ ਦਾ ਹੱਲ ਸੰਭਵ ਨਹੀਂ ਹੈ। ਬ੍ਰਿਟੇਨ ਦੀ ਲੇਬਰ ਪਾਰਟੀ ਦੀ ਇਕ ਸੰਸਦ ਮੈਂਬਰ ਸਾਰਾ ਦਾ ਕਹਿਣਾ ਹੈ ਕਿ ਮੈਂ ਜਦੋਂ ਇਸ ਘਟਨਾ ਬਾਰੇ ਪਹਿਲੀ ਵਾਰ ਸੁਣਿਆ ਤਾਂ ਯਕੀਨ ਨਹੀਂ ਹੋਇਆ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਪਾਕਿਸਤਾਨੀ ਮਰਦਾਂ ਵੱਲੋਂ ਸਿੱਖ ਲੜਕੀਆਂ ਨਾਲ ਦੁਰਵਰਤਾਓ ਦੀ ਘਟਨਾ ਨਿੰਦਣਯੋਗ ਹੈ। ਸਾਰਾ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਦਹਾਕਿਆਂ ਤੋਂ ਸਿੱਖ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਮੈਂ ਸਿੱਖ ਔਰਤਾਂ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਤੋਂ ਮੁਕਤ ਹੋਣਾ ਹੋਵੇਗਾ। ਸਿੱਖ ਲੜਕੀਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਰੋਕਣਾ ਯਕੀਨੀ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮਾਮਲਾ ਗੰਭੀਰ ਹੈ। ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਉਥੇ ਹੀ ਲੇਬਰ ਪਾਰਟੀ ਦੇ ਇਕ ਹੋਰ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਕਿਹਾ ਕਿ ਸਿੱਖ ਲੜਕੀਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਰੋਕਣਾ ਅਤੇ ਇਸ ਕਲੰਕ ਨੂੰ ਖਤਮ ਕਰਨ ਲਈ ਕਦਮ ਚੁੱਕਣੇ ਹੋਣਗੇ। ਉਨ੍ਹਾਂ ਕਿਹਾ ਕਿ ਯੋਜਨਾਬੱਧ ਤਰੀਕੇ ਨਾਲ ਟਾਰਗੈੱਟ ਕੀਤੀਆਂ ਜਾ ਰਹੀਆਂ ਲੜਕੀਆਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਜਾਵੇਗਾ।